2023373368
3/3/2023

# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ , 6ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ (ਨੋਟਿਸ ਬੋਰਡ ,ਈ-ਮੇਲ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਪੰਜਾਬ।

ਮੀਮੋ ਨੰ: SCERT-SDP/1/2023-SDP-SCERT/449484/ 134
ਮਿਤੀ :ਸਾਹਿਬਜ਼ਾਦਾ ਅਜੀਤ ਸਿੰਘ ਨਗਰ,01-03-2023

**ਵਿਸ਼ਾ:- Sri Aurobindo ਦੀ 150ਵੀਂ ਜਨਮ ਵਰ੍ਹੇਗੰਢ ਦੇ ਸੰਬੰਧ ਵਿੱਚ ਸਕੂਲਾਂ ਵਿੱਚ Essay ਅਤੇ Short Film ਮੁਕਾਬਲੇ ਕਰਵਾਉਣ ਸੰਬੰਧੀ।**

ਹਵਾਲਾ:- Secretary, Auroville Foundation Bhavan Auroville, Ministry of Education, Govt. of India ਵੱਲੋਂ ਪੱਤਰ ਨੰ. ਨਿੱਲ Dated: 6th January, 2023 ਦੇ ਸੰਬੰਧ ਵਿੱਚ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਉਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ Auroville Foundation 75 ਸਾਲਾ *Azadi Ka Amrut Mahotsav* ਅਤੇ Sri Aurobindo ਦੀ 150ਵੀਂ ਜਨਮ ਵਰ੍ਹੇਗੰਢ ਦੇ ਸੰਬੰਧ ਵਿੱਚ Essay and Short Film ਮੁਕਾਬਲੇ ਕਰਵਾ ਰਿਹਾ ਹੈ।

3.0 ਇਹਨਾਂ ਮੁਕਾਬਲਿਆ ਵਿੱਚ 6ਵੀਂ ਤੋਂ 12ਵੀਂ ਸ਼੍ਰੇਣੀ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

4.0 ਇਹ ਮੁਕਾਬਲੇ ਸਿਰਫ ਦੋ ਭਾਸ਼ਾਵਾਂ ਤਾਮਿਲ ਅਤੇ ਅੰਗਰੇਜ਼ੀ ਵਿੱਚ ਹੋਣਗੇ।

5.0 ਇਹ ਰਚਨਾਤਮਕ ਮੁਕਾਬਲੇ ਭਾਰਤ ਅਤੇ ਵਿਸ਼ਵ ਦੇ ਨੌਜਵਾਨਾਂ ਨੂੰ, ਭਾਰਤ ਦੀ ਪੁਨਰ ਜਾਗ੍ਰਿਤੀ ਲਈ Sri Aurobindo ਦੇ ਯੋਗਦਾਨ ਅਤੇ ਰਾਜਨੀਤਿਕ, ਸਮਾਜਿਕ ਤੌਰ 'ਤੇ ਪੂਰੀ ਦੁਨੀਆਂ ਲਈ ਨਵੇਂ ਯੁੱਗ ਦੀ ਸ਼ੁਰੂਆਤ ਵਿੱਚ, ਜੋ ਭੂਮਿਕਾ ਨਿਭਾਈ ਹੈ,ਬਾਰੇ ਹੋਣਗੇ।

6.0 ਵਿਦਿਆਰਥੀਆਂ ਵੱਲੋਂ ਇਹਨਾਂ ਮੁਕਾਬਲਿਆਂ ਅਧੀਨ ਲਿਖੇ ਜਾਣ ਵਾਲੇ ਲੇਖ ਅਤੇ Short Film ਲਈ "Sri Aurobindo and Auroville: Reigniting India's Greatness" ਮੁੱਖ ਵਿਸ਼ਾ ਹੋਵੇਗਾ।

Scanned with OKEN Scanner

7.0 ਵਿਦਿਆਰਥੀਆਪਣੀਆਂਲੇਖਮੁਕਾਬਲਦੀਆਂਐਂਟਰੀਆਂ essay.schools.english@auroville .org.in & essay.schools.tamil@auroville.org.in ਅਤੇ ShortFilm ਮੁਕਾਬਲੇ ਦੀਆਂ ਐਂਟਰੀਆਂ film.schools.english@auroville.org.in & film.schools.tamil@auroville.org. in 'ਤੇ ਭੇਜ ਸਕਦੇ ਹਨ।

8.0 ਦੋਵਾਂ ਭਾਸ਼ਾਵਾਂ (ਤਾਮਿਲ ਅਤੇ ਅੰਗਰੇਜ਼ੀ) ਵਿੱਚ ਅਲੱਗ-ਅਲੱਗ ਪਹਿਲੀਆਂ ਤਿੰਨ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਕ੍ਰਮਵਾਰ ਰੁਪਏ 75000/-, ਰੁਪਏ 50000/- ਅਤੇ ਰੁਪਏ 25000/- ਅਤੇ ਸਰਟੀਫਿਕੇਟ ਦਿੱਤੇ ਜਾਣਗੇ।

9.0 ਇਹ ਮੁਕਾਬਲੇ ਭਾਰਤ ਅਤੇ ਵਿਸ਼ਵ ਭਰ ਦੇ ਵਿਦਿਆਰਥੀਆਂ ਲਈ ਹੋਣਗੇ।

10.0 ਲੇਖਾਂ ਦੀ ਲੰਬਾਈ 10 ਪੰਨਿਆਂ (ਸਿਰਫ਼ A4 ਆਕਾਰ) ਤੋਂ ਵੱਧ ਨਹੀਂ ਹੋਣੀ ਚਾਹੀਦੀ, ਪ੍ਰਤੀ ਪੰਨਾ 20 ਲਾਈਨਾਂ (ਕੁੱਲ 3000 ਸ਼ਬਦ) ਦੇ ਨਾਲ ਅਤੇ ਪੀਡੀਐਫ ਫਾਰਮੈਟ ਵਿੱਚ submit ਕੀਤੇ ਜਾਣੇ ਹਨ। ਲਘੂ ਫਿਲਮ ਦੀ ਮਿਆਦ 5-7 ਮਿੰਟ ਦੇ ਵਿਚਕਾਰ ਅਤੇ ਫਾਈਲ .mp4, .avi or .mpeg ਫਾਰਮੈਟ ਹੋਣੀ ਚਾਹੀਦੀ ਹੈ।

11.0 ਆਪ ਵੱਲੋਂ ਆਪਣੇ ਜ਼ਿਲ੍ਹੇ ਦੇ ਸਕੂਲਾਂ ਵਿੱਚ 6ਵੀਂ ਤੋਂ 12ਵੀਂ ਸ਼੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਸ੍ਰੀ ਅਰਬਿੰਦੋ ਦੇ ਵਿਚਾਰਾਂ, ਸ਼ਬਦਾਂ ਅਤੇ ਕਿਰਿਆਵਾਂ ਨੂੰ ਡੂੰਘਾਈ ਨਾਲ ਜਾਨਣ , ਉਨ੍ਹਾਂ ਨੂੰ ਗ੍ਰਹਿਣ ਕਰਨ, ਉਨ੍ਹਾਂ ਦੇ ਆਦਰਸ਼ਾਂ 'ਤੇ ਪ੍ਰਤੀਬਿੰਬਤ ਕਰਨ ਅਤੇ ਫਿਲਮਾਂ ਜਾਂ ਲੇਖਾਂ ਰਾਹੀਂ ਆਪਣੇ ਸੁਪਨਿਆਂ ਨੂੰ ਪ੍ਰਗਟ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

ਪਿੱਠ ਅੰਕਣ ਨੰ:- ਉਕਤ ਮਿਤੀ: ਐਸ.ਏ.ਐਸ. ਨਗਰ, 01-03-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ.ਟੂ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ.ਟੂ ਡੀ.ਜੀ.ਐਸ.ਈ., ਪੰਜਾਬ।
3. ਪੀ.ਏ.ਟੂ ਡੀ.ਪੀ.ਆਈ.(ਸੈਸਿੱ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

**ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ**

**ਪਿੱ.ਅੰ.ਨੰ : ਜੀ-1/1 ( ) 2023** | 2090 **ਮਿਤੀ : 03/03/2023**

**ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਸਸਸਸ/ਸਹਸ/ਸਮਿਸ ਜਿਲ੍ਹਾ ਬਠਿੰਡਾ ਨੂੰ ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।**

3/3/23

**ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)**
**ਬਠਿੰਡਾ ।**

Scanned with OKEN Scanner